(i) **Printed Pages : 3** **Roll No. ..............................**

(ii) **Questions : 5**

**Sub. Code : 0 1 0 2**

**Exam. Code : 0 0 0 2**

**B.A./B.Sc. (General) 2nd Semester**

**1046**

**PUNJABI (Compulsory)**

**(Same for B.A./B.Sc. (Gen.) & B.Sc. (Microbial & Food Tech., Fashion Designing & Shastri 2nd Semester)**

**Time Allowed : Three Hours]** **[Maximum Marks : 45**

**ਨੋਟ :-** (i) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

(ii) ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇਕੋ ਥਾਂ ਉੱਪਰ ਹੀ ਹੱਲ ਕੀਤੇ ਜਾਣ।

1. (ੳ) ਕਿਸੇ **ਇੱਕ** ਕਹਾਣੀ ਦਾ ਵਿਸ਼ਾ ਦੱਸ ਕੇ ਸਾਰ ਲਿਖੋ :

(i) ਬਾਗ਼ਾਂ ਦਾ ਰਾਖਾ

(ii) ਚੱਟੂ

(iii) ਚੌਥੀ ਕੂਟ। 4+6=10

(ਅ) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਪਾਤਰ ਦਾ ਪਾਤਰ ਚਿਤਰਣ ਕਰੋ :

(i) ਕਿਸ਼ਨਾ ਤਰਖਾਣ

(ii) ਨੰਨ੍ਹਾ ਨਾਥ

(iii) ਭਾਗ ਸਿੰਘ। 5

2. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸ੍ਰੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ। ਉੱਤਰ 3 ਸਤਰਾਂ ਤੋਂ ਵੱਧ ਨਾ ਹੋਵੇ :

(i) ਮੇਜਰ ਸਾਹਿਬ ਫ਼ਸਟ ਕਲਾਸ ਦਾ ਡੱਬਾ ਛੱਡ ਕੇ ਥਰਡ ਕਲਾਸ ਦੇ ਡੱਬੇ ਵਿੱਚ ਕਿਉਂ ਆ ਗਏ ?

(ii) ਬਾਰੂ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ ?

(iii) ਲੇਖਕ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬੌਲਦ' ਕਿਉਂ ਆਖਦਾ ਹੈ ?

(iv) ਬੇਬੇ ਭਾਖੜਾ ਬੰਨ੍ਹ ਦੇ ਟੁੱਟਣ ਵਿੱਚ ਕਿਉਂ ਖੁਸ਼ੀ ਮਹਿਸੂਸ ਕਰਦੀ ਸੀ ?

(v) ਮਿਸਿਜ਼ ਸੂਰੀ ਨੂੰ ਬਹੁਤਾ ਦੁੱਖ ਕਿਸ ਗੱਲ ਦਾ ਸੀ ?

(vi) ਅਮਰੀਕਾ ਗਏ 'ਮੈਂ' ਪਾਤਰ ਨੂੰ ਪਿੱਛੇ ਪਿੰਡ ਵਿੱਚ ਕਿਸ-ਕਿਸ ਗੱਲ ਦਾ ਫ਼ਿਕਰ ਲੱਗਾ ਰਹਿੰਦਾ ਸੀ ?

(vii) ਮਾਮੀ ਗਰੇਵਾਲ ਨਾਲ ਕਿਸ ਤਰ੍ਹਾਂ ਮੋਹ ਕਰਦੀ ਸੀ ?

(viii) 'ਮੋਹ-ਪਾਸ਼' ਕਹਾਣੀ ਦੇ ਅੰਤ ਵਿੱਚ ਕੀ ਵਾਪਰਿਆ ? 5×1=5

3. ਕਾਲਜ ਵੱਲੋਂ ਕਰਵਾਏ ਜਾ ਰਹੇ ਤ੍ਰੈ-ਭਾਸ਼ੀ ਕਵੀ ਦਰਬਾਰ ਸੰਬੰਧੀ ਵਿਦਿਆਰਥੀਆਂ ਦੀ ਜਾਣਕਾਰੀ ਹਿੱਤ ਨੋਟਿਸ ਤਿਆਰ ਕਰੋ।

**ਜਾਂ**

ਆਪਣੇ ਕਾਲਜ ਦੀ ਪੰਜਾਬੀ ਸਾਹਿਤ ਸਭਾ ਦੀ ਚੋਣ ਸੰਬੰਧੀ ਇਕ ਨੋਟਿਸ ਤਿਆਰ ਕਰੋ। 10

4. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਦੇ ਅਰਥ ਦੱਸ ਕੇ ਵਾਕ ਬਣਾਉ : ਉਸਤਾਦੀ ਕਰਨੀ, ਆਈ ਚਲਾਈ ਕਰਨੀ, ਇਕੋ ਥੈਲੀ ਦੇ ਚੱਟੇ ਵੱਟੇ ਹੋਣਾ, ਸੋਹਿਲੇ ਗਾਉਣਾ, ਘੋਗਾ ਚਿੱਤ ਕਰਨਾ, ਭੂੰਡਾਂ ਦੇ ਖੱਖਰ ਨੂੰ ਹੱਥ ਪਾਉਣਾ, ਟਕੇ ਵਰਗਾ ਜਵਾਬ ਦੇਣਾ। 5×1=5

5. (ੳ) ਉਚਾਰਨ ਵਿਧੀ ਤੋਂ ਕੀ ਭ੍ਹਾਵ ਹੈ ? ਇਸ ਆਧਾਰ ਤੇ ਪੰਜਾਬੀ ਵਿਅੰਜਨ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਦਾਹਰਣਾਂ ਸਹਿਤ ਲਿਖੋ।

**ਜਾਂ**

ਸਵਰ ਧੁਨੀਆਂ ਕੀ ਹੁੰਦੀਆਂ ਹਨ ? ਇਹਨਾਂ ਦਾ ਵਰਗੀਕਰਣ ਕਿਨ੍ਹਾਂ ਆਧਾਰਾਂ ਤੇ ਕੀਤਾ ਜਾ ਸਕਦਾ ਹੈ ? ਉਦਾਹਰਣਾਂ ਸਹਿਤ ਲਿਖੋ। 6

(ਅ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਲਿਖੋ :

(i) ਪੰਜਾਬੀ ਦੇ ਚਾਰ ਨਾਸਕੀ ਵਿਅੰਜਨਾਂ ਦੇ ਨਾਂ ਲਿਖੋ।

(ii) ਪ, ਬ, ਗ, ਖ ਵਿੱਚੋਂ ਸਘੋਸ਼ ਅਤੇ ਅਘੋਸ਼ ਵਿਅੰਜਨਾਂ ਨੂੰ ਵੱਖ-ਵੱਖ ਕਰਕੇ ਲਿਖੋ।

(iii) ਗਾਈਆਂ ਤੇ ਧੋਈਆਂ ਸ਼ਬਦਾਂ ਵਿੱਚ ਕਿਹੜੇ ਤਿੰਨ ਸਵਰਾਂ ਦਾ ਸੰਯੋਗ ਹੈ ?

(iv) ਝਗੜ, ਭਲਕ, ਰਸਮ, ਕਲਪ ਵਿੱਚੋਂ ਵਿਅੰਜਨ ਗੁੱਛੇ ਚੁਣੋ।

2+2=4